# BUDHA DAL PUBLIC SCHOOL, PATIALA
## Final Examination (16 February 2026)
### Class - XI
### Paper - Punjabi (104) (Set - A)

**Time: 3 hrs.** **MM: 80**

ਆਮ ਨਿਰਦੇਸ਼:

1. ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ।
2. ਸਾਰੇ ਪ੍ਰਸ਼ਨ ਲਾਜ਼ਮੀ ਹਨ।
3. ਪ੍ਰਸ਼ਨਾਂ ਵਿੱਚ ਦਿੱਤੀ ਗਈ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
4. ਸਾਫ਼ ਅਤੇ ਸ਼ੁੱਧ ਲਿਖਿਆ ਜਾਵੇ, ਪ੍ਰਸ਼ਨ ਨੰਬਰ ਅਤੇ ਉਪ-ਭਾਗ ਨੰਬਰ ਬਿਲਕੁਲ ਸਹੀ ਅਤੇ ਪ੍ਰਸ਼ਨ-ਪੱਤਰ ਅਨੁਸਾਰ ਲਿਖੇ ਜਾਣ।
5. ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

---

ਅਡਵਾਂਸ ਪੜ੍ਹਨ ਕੌਸ਼ਲ

**ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ:** (8)

ਅਨੇਕਾਂ ਨੌਜਵਾਨ ਕਿੱਤੇ ਦੀ ਚੋਣ ਵਿੱਚ ਅਨਿਸ਼ਚਤ ਰਹਿੰਦੇ ਹਨ। ਉਨ੍ਹਾਂ ਸਾਹਮਣੇ ਕਿੱਤਾ-ਚੋਣ ਦੇ ਮੌਕੇ ਘੱਟ ਹਨ। ਉਨ੍ਹਾਂ ਨੂੰ ਠੀਕ ਕਿੱਤਾ ਚੁਣਨਾ ਵੀ ਔਖਾ ਲੱਗਦਾ ਹੈ। ਕਿੱਤਾ-ਚੋਣ ਜੀਵਨ ਦਾ ਇੱਕ ਮਹੱਤਵਪੂਰਨ ਫ਼ੈਸਲਾ ਹੈ। ਕਿੰਨੇ ਹੀ ਲੋਕ ਕਿੱਤੇ ਦੀ ਗ਼ਲਤ ਚੋਣ ਕਰਨ ਨਾਲ ਆਪਣਾ ਪੂਰਾ ਮੁੱਲ ਨਹੀਂ ਪੁਆ ਸਕਦੇ। ਉਨ੍ਹਾਂ ਨੂੰ ਆਪਣੇ ਕੰਮ ਵਿੱਚੋਂ ਉਹ ਖ਼ੁਸ਼ੀ ਵੀ ਨਹੀਂ ਮਿਲਦੀ ਜੋ ਮਨਭਾਉਂਦਾ ਕਿੱਤਾ ਕਰਨ 'ਤੇ ਮਿਲਦੀ ਹੈ। ਸਫਲ ਜੀਵਨ ਲਈ ਇਸ ਖੇੜੇ ਜਾਂ ਖ਼ੁਸ਼ੀ ਦੀ ਬੜੀ ਲੋੜ ਹੈ।

ਉਪਰੋਕਤ ਵਾਰਤਕ ਪੈਰੇ ਦੇ ਅਧਾਰ 'ਤੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰਾਂ ਲਈ ਸਹੀ ਵਿਕਲਪ ਚੁਣੋ :

**ਪ੍ਰਸ਼ਨ 1. ਕਿੱਤੇ ਦੀ ਚੋਣ ਸਬੰਧੀ ਨੌਜਵਾਨਾਂ ਦੀ ਕੀ ਸੋਚ ਹੈ ?**

(ੳ) ਪੂਰੀ ਤਰ੍ਹਾਂ ਸੁਚੇਤ ਹਨ ☐ (ਅ) ਪੈਸੇ ਕਮਾਉਣਾ ☐

(ੲ) ਪੂਰੀ ਤਰ੍ਹਾਂ ਸੁਚੇਤ ਨਹੀਂ ਹਨ ☐ (ਸ) ਲਾਲਚ ਵਾਲੀ ☐

**ਪ੍ਰਸ਼ਨ 2. ਕਿੱਤੇ ਦੀ ਚੋਣ ਸਬੰਧੀ ਨੌਜਵਾਨਾਂ ਨੂੰ ਕੀ ਲੱਗਦਾ ਹੈ ?**

(ੳ) ਸੌਖਾ ☐ (ਅ) ਔਖਾ ☐

(ੲ) ਦਿਲਚਸਪ ☐ (ਸ) ਤਨਾਅ ਪੂਰਵਕ ☐

**ਪ੍ਰਸ਼ਨ 3. ਕਿੱਤੇ ਦੀ ਗ਼ਲਤ ਚੋਣ ਦਾ ਕੀ ਨਤੀਜਾ ਨਿਕਲਦਾ ਹੈ ?**

(ੳ) ਸੰਤੁਸ਼ਟੀ ਨਹੀਂ ਮਿਲਦੀ ☐ (ਅ) ਸੰਤੁਸ਼ਟ ਹੁੰਦੇ ਹਨ ☐

(ੲ) ਪ੍ਰਭਾਵਿਤ ਹੁੰਦੇ ਹਨ ☐ (ਸ) ਨਿਕੰਮੇ ਬਣ ਜਾਂਦੇ ਹਨ ☐

**ਪ੍ਰਸ਼ਨ 4. ਸਫਲ ਜੀਵਨ ਲਈ ਕਿਸ ਦੀ ਵਧੇਰੇ ਲੋੜ ਹੁੰਦੀ ਹੈ ?**

(ੳ) ਫ਼ੈਸ਼ਨ ਦੀ ☐ (ਅ) ਦਿਖਾਵੇ ਦੀ ☐

(ੲ) ਯੋਗਤਾ ਦੀ ☐ (ਸ) ਠੀਕ ਕਿੱਤਾ ਚੋਣ ਦੀ ☐

**ਪ੍ਰਸ਼ਨ 5. ਪੈਰੇ ਦਾ ਸਿਰਲੇਖ ਲਿਖੋ।**

(ੳ) ਨੌਜਵਾਨਾਂ ਦੀ ਸਥਿਤੀ ☐ (ਅ) ਮਨਭਾਉਂਦਾ ਕਿੱਤਾ ☐

(ੲ) ਸਫ਼ਲ ਜੀਵਨ ☐ (ਸ) ਕਿੱਤਾ ਚੌਣ ਦੀ ਮਹੱਤਤਾ ☐

**ਪ੍ਰਸ਼ਨ 6. 'ਕਿੱਤਾ' ਕੀ ਹੁੰਦਾ ਹੈ ?**

(ੳ) ਕਾਰੋਬਾਰ ☐ (ਅ) ਧਨ ☐

(ੲ) ਜੀਵਨ ☐ (ਸ) ਨੌਜਵਾਨ ☐



Scanned with OKEN Scanner

ਪ੍ਰਸ਼ਨ 7. ਜੀਵਨ ਦਾ ਮਹੱਤਵਪੂਰਨ ਫੈਸਲਾ ਕਿਹੜਾ ਹੁੰਦਾ ਹੈ ?

(ੳ) ਕਮਾਈ ☐ (ਅ) ਕਿੱਤੇ ਦੀ ਚੋਣ ☐

(ੲ) ਜੀਵਨ ਦੀ ਖੁਸ਼ੀ ☐ (ਸ) ਮੌਕੇ ਅਨੁਸਾਰ ਜੀਵਨ ☐

ਪ੍ਰਸ਼ਨ 8. ਕਿਹੜੇ ਲੋਕ ਆਪਣਾ ਸਹੀ ਮੁੱਲ ਨਹੀਂ ਪੁਆ ਸਕਦੇ ?

(ੳ) ਕਿੱਤਾਕਾਰ ☐ (ਅ) ਵਿਹਲੇ ☐

(ੲ) ਕਿੱਤੇ ਦੀ ਗ਼ਲਤ ਚੋਣ ਵਾਲੇ ☐ (ਸ) ਸੁਚੇਤ ☐

**ਪ੍ਰਭਾਵਸ਼ਾਲੀ ਲਿਖਣ – ਕੌਸ਼ਲ**

ਪ੍ਰ2. ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਸੜਕਾਂ ਦੀ ਹਾਲਤ ਸੁਧਾਰਨ ਬਾਰੇ ਪੱਤਰ ਲਿਖੋ। (8)

ਜਾਂ

ਆਪਣੇ ਇਲਾਕੇ ਵਿੱਚ ਦਿਨੋ-ਦਿਨ ਬੱਚੇ ਚੁੱਕਣ ਦੀਆਂ ਵਧ ਰਹੀਆਂ ਵਾਰਦਾਤਾਂ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ।

**ਪ੍ਰ3. ਹੇਠਾਂ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇਕ ਵਿਸ਼ੇ ’ਤੇ (125-150) ਸ਼ਬਦਾਂ ਦਾ ਲੇਖ ਲਿਖੋ:** (7)

**ਸਮਾਜ ਵਿੱਚ ਬਜ਼ੁਰਗਾਂ ਦਾ ਸਥਾਨ**

**ਜਾਂ**

**ਸਾਈਬਰ ਅਪਰਾਧ**

ਪ੍ਰ4. ਆਪਣੇ ਨਾਂ ਦੀ ਤਬਦੀਲੀ ਸੰਬੰਧੀ ਅਖ਼ਬਾਰ ਲਈ ਇੱਕ ਇਸ਼ਤਿਹਾਰ ਲਿਖੋ। (6)

ਜਾਂ

ਆਪਣੇ ਮਾਤਾ-ਪਿਤਾ ਵੱਲੋਂ ਆਪਣੇ ਭਰਾ ਦੇ ਵਿਆਹ ਸੰਬੰਧੀ ਇੱਕ ਸੱਦਾ ਪੱਤਰ ਲਿਖੋ।

**ਵਿਹਾਰਕ ਵਿਆਕਰਨ**

**ਪ੍ਰ5. ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਛੇ (6) ਮੁਹਾਵਰਿਆਂ ਦੇ ਵਾਕ ਇਸ ਤਰ੍ਹਾਂ ਬਣਾਓ ਕਿ ਅਰਥ ਸਪਸ਼ਟ ਹੋ ਜਾਣ:** (6)

ਛੱਤ ਸਿਰ ’ਤੇ ਚੁੱਕ ਲੈਣੀ, ਵਾਛਾਂ ਖਿੜ ਜਾਣੀਆਂ, ਮੂੰਹ ’ਤੇ ਹਵਾਈਆਂ ਉੱਡਣੀਆਂ, ਦਸਾਂ ਨਹੁੰਆਂ ਦੀ ਕਿਰਤ ਕਰਨੀ, ਟਕੇ ਵਰਗਾ ਜਵਾਬ ਦੇਣਾ, ਜ਼ੁਬਾਨ ਪੂਰੀ ਕਰਨਾ, ਬਾਤ ਦਾ ਬਤੰਗੜ ਬਣਾਉਣਾ, ਰੰਗ ਵਿੱਚ ਭੰਗ ਪਾਉਣਾ

**ਪ੍ਰ6. ਕਿਸੇ ਚਾਰ ਸ਼ਬਦਾਂ ਦੇ ਸਮਾਨਾਰਥੀ ਪੰਜਾਬੀ ਸ਼ਬਦ ਲਿਖੋ:** (6)

Museum, Hailstorm,, Fuel, Green Manure, Kinder Garten, Personality

**ਪ੍ਰ7. ਕਿਸੇ ਚਾਰ ਵਾਕਾਂ ਦਾ ਪੰਜਾਬੀ ਵਿੱਚ ਅਨੁਵਾਦ ਕਰੋ:** (2×4=8)

i) Address must be written on this side only.

ii) Nowadays, vehicle insurance is also necessary.

iii) Binary is the language of computer.

A-2

Scanned with OKEN Scanner

iv) Use block letters for filling in the money order form.

v) Central processing unit is the brain of the computer.

**ਪਾਠ – ਪੁਸਤਕ 'ਤੇ ਅਧਾਰਤ**

**ਪ੍ਰ8. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕਿਸੇ ਛੇ (6) ਦੇ ਉੱਤਰ ਦਿਓ:** (1×6=6)

1. ਬੇਟੀ ਨੇ ਕਿੰਨੀਆਂ ਬੂਰੀਆ ਝੋਟੀਆਂ ਵਾਲੇ ਘਰ ਦੀ ਇੱਛਾ ਪ੍ਰਗਟ ਕੀਤੀ ਹੈ?
   ੳ) ਦਸ ਅ) ਦੋ ੲ) ਅਣਗਿਣਤ ਸ) ਸੱਠ
2. ਨਿੱਕੜੇ ਦੀ ਘੋੜੀ ਚੜ੍ਹੇ ਦੀ ਵਾਗ ਕਿਸ ਨੇ ਫੜਨੀ ਹੈ?
   ੳ) ਭੈਣ ਨੇ ਅ) ਮਾਂ ਨੇ ੲ) ਭਾਬੀ ਨੇ ਸ) ਬਾਪ ਨੇ
3. ਤੁਕ ਪੂਰੀ ਕਰੋ –
   ਹੋਰ ਤਾਂ ਲਾੜਾ ਚੰਗਾ ਭਲਾ .............. ਓਹਦਾ ਲਮਕਦਾ।
   ੳ) ਮੂੰਹ ਅ) ਢਿੱਡ ੲ) ਕੰਨ ਸ) ਹੱਥ
4. ਮੇਰਾ ਵੀਰ ਕਿਹੋ ਜਿਹਾ ਬੂਟਾ ਹੈ?
   ੳ) ਫੁੱਲਾਂ ਵਾਲਾ ਅ) ਸਰੂ ਦਾ ੲ) ਗੁਲਾਬ ਦਾ ਸ) ਧਣੀਏਂ ਦਾ
5. ਮੁਟਿਆਰਾਂ ਕਿਹੜਾ ਮੇਲਾ ਵੇਖਣ ਚੱਲੀਆਂ ਹਨ?
   ੳ) ਜਗਰਾਵਾਂ ਦਾ ਅ) ਅਨੰਦਪੁਰ ਦਾ ੲ) ਮੁਕਤਸਰ ਦਾ ਸ) ਅੰਮ੍ਰਿਤਸਰ ਦਾ
6. 'ਨਿੱਕੀ ਜਿਹੀ ਕੁੜੀ ਲੈ ਪਰਾਂਦਾ ਤੁਰੀ' ਵਿੱਚ ਕੁੜੀ ਨੂੰ ਕੀ ਕਿਹਾ ਗਿਆ ਹੈ?
   ੳ) ਕੀੜੀ ਅ) ਸੂਈ ੲ) ਕੰਘੀ ਸ) ਚਾਦਰ
7. ਸਾਹਿਬਾਂ ਕਿਸ ਦੀ ਧੀ ਸੀ?
   ੳ) ਮਿਰਜ਼ੇ ਦੇ ਚਾਚੇ ਦੀ ਅ) ਮਿਰਜ਼ੇ ਦੇ ਮਾਮੇ ਦੀ ੲ) ਮਿਰਜ਼ੇ ਦੇ ਤਾਏ ਦੀ ਸ) ਮਿਰਜ਼ੇ ਦੇ ਮਾਸੜ ਦੀ

**ਪ੍ਰ9. ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕਿਸੇ ਛੇ (6) ਦੇ ਉੱਤਰ ਦਿਓ:** (1×6=6)

1. ਸਲਵਾਨ ਕਿੱਥੋਂ ਦਾ ਰਾਜਾ ਸੀ?
2. ਮਿਰਜ਼ਾ ਕਿਸ ਰੁੱਖ ਹੇਠ ਅਰਾਮ ਕਰਨ ਲਈ ਰੁਕਿਆ?
3. ਸਾਧ ਦੇ ਡੇਰੇ ਵਿੱਚ ਨੌਜਵਾਨ ਕੀ ਪੜ੍ਹਦਾ ਸੀ?
4. ਟੱਪਿਆਂ ਵਿੱਚ ਕਿਹੜੇ ਤਿੰਨ ਰੰਗਾਂ ਦਾ ਜ਼ਿਕਰ ਕੀਤਾ ਹੈ ਜੋ ਇੱਕ ਵਾਰ ਜਾਣ 'ਤੇ ਮੁੜ ਕਦੇ ਨਹੀਂ ਲੱਭਦੇ?
5. ਕਿਨ੍ਹਾਂ ਗਹਿਣਿਆਂ 'ਤੇ ਸੋਨੇ ਦਾ ਪਾਣੀ ਫਿਰਾਇਆ ਗਿਆ?
6. ਜਦੋਂ ਮੁੰਡਾ ਜੰਮਿਆ ਸੀ ਤਾਂ ਉਸਨੂੰ ਕਿਸ ਵਿੱਚ ਲਪੇਟਿਆ ਗਿਆ?
7. ਬੇਟੀ ਕਿਸ ਦੇ ਓਹਲੇ ਖੜ੍ਹੀ ਹੈ?



Scanned with OKEN Scanner

**ਪ੍ਰ10.ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਪੰਜ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ:** **(2×5=10)**

ੳ) ਰਾਂਝਾ ਕੌਣ ਸੀ? ਉਸ ਨੂੰ ਆਪਣਾ ਘਰ ਕਿਉਂ ਛੱਡਣਾ ਪਿਆ?

ਅ) ਰਾਜਾ ਸਲਵਾਨ ਨੇ ਰਸਾਲੂ ਨੂੰ ਦੇਸ-ਨਿਕਾਲਾ ਕਿਉਂ ਦਿੱਤਾ?

ੲ) ਸਿੱਠਣੀਆਂ ਵਿੱਚ ਮਜ਼ਾਕ ਦਾ ਪਾਤਰ ਕੌਣ-ਕੌਣ ਬਣਦਾ ਹੈ?

ਸ) 'ਦੇਈ-ਦੇਈ ਵੇ ਬਾਬਲਾ' ਸੁਹਾਗ ਵਿੱਚ ਕੁੜੀ ਕਿਹੋ ਜਿਹਾ ਸੱਸ - ਸਹੁਰਾ ਚਾਹੁੰਦੀ ਹੈ?

ਹ) 'ਹਰਿਆ ਨੀ ਮਾਲਣ' ਘੋੜੀ ਵਿੱਚ ਮੁੰਡੇ ਦੇ ਜੰਮਣ ਉੱਤੇ ਕੀਹਨੂੰ-ਕੀਹਨੂੰ ਅਤੇ ਕਿਹੜੇ-ਕਿਹੜੇ ਤੋਹਫ਼ੇ ਦਿੱਤੇ ਗਏ?

ਕ) 'ਜੱਗ ਜਿਊਂਣ ਵੱਡੀਆਂ ਭਰਜਾਈਆਂ, ਪਾਣੀ ਮੰਗੇ ਦੁੱਧ ਦਿੰਦੀਆਂ'। ਇਸ ਟੱਪੇ ਵਿੱਚ ਕਿਹੜੇ ਭਾਵ ਪ੍ਰਗਟ ਹੋਏ ਹਨ?

**ਪ੍ਰ11. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ ਤਿੰਨ ਪ੍ਰਸ਼ਨਾਂ ਦੇ ਉੱਤਰ 50-60 ਸ਼ਬਦਾਂ ਵਿੱਚ ਦਿਓ:** **(3×3=9)**

ੳ) 'ਮਿਰਜ਼ਾ-ਸਾਹਿਬਾਂ' ਦੀ ਪ੍ਰੀਤ-ਕਹਾਣੀ ਦਾ ਸਾਰ ਲਿਖੋ।

ਅ) ਰਾਜਾ ਰਸਾਲੂ ਨੇ ਰਾਜਾ ਸਿਰਕੱਪ ਨੂੰ ਕਿਵੇਂ ਹਰਾਇਆ?

ੲ) 'ਚੜ੍ਹ ਚੁਬਾਰੇ ਸੁੱਤਿਆ' ਸੁਹਾਗ ਵਿੱਚ ਧੀ ਕੀ ਕਹਿੰਦੀ ਹੈ ਅਤੇ ਕਿਉਂ?

ਸ) 'ਮੈਂ ਬਲਿਹਾਰੀ ਵੇ ਮਾਂ ਦਿਆਂ ਸੁਰਜਣਾ' ਘੋੜੀ ਵਿੱਚ ਵਿਆਹੇ ਜਾਣ ਵਾਲੇ ਮੁੰਡੇ ਦੀ ਸਿਫ਼ਤ ਕਿਵੇਂ ਕੀਤੀ ਗਈ ਹੈ?

Scanned with OKEN Scanner